## ਸਿੱਖ ਕਮਿਊਨਿਟੀ ਵਿੱਚ ਹਿੰਸਾ ਦੀ ਸਮਸਿਆ - ਇੱਕ ਦ੍ਰਿਸ਼ਟੀਕੋਣ

**ਬਲਦੇਵ ਮੁੱਟਾ**

**ਸ਼ੁਰੂਆਤ:**

ਇਹ ਵਿਸ਼ਾ ਬਹੁਤ ਗੰਭੀਰ ਹੈ। ਕੀ ਵਾਕੀਆ ਹੀ ਸਿੱਖ ਕਮਿਊਨਿਟੀ ਵਿੱਚ ਹਿੰਸਾ ਬਾਰੇ ਵਿਚਾਰ ਕਰਨਾ ਬਣਦਾ ਹੈ? ਆਪਾਂ ਨੂੰ ਇਸ ਵਿਸ਼ੇ ਤੇ ਵਿਚਾਰ ਕਰਨ ਦੀ ਲੋੜ ਹੀ ਕਿਉਂ ਪੈਂਦੀ ਹੈ? ਮੇਰਾ ਖਿਆਲ ਹੈ ਕਿ ਇਸ ਵਿਸ਼ੇ ਤੇ ਬੜੀ ਗੰਭੀਰਤਾ ਨਾਲ ਸੋਚਣਾ ਪਵੇਗਾ।

**ਹਿੰਸਾ ਦੇ ਵੱਖ ਵੱਖ ਪੱਖ:**

1. ਪਰਿਵਾਰਿਕ ਹਿੰਸਾ

ਇਸ ਹਿੰਸਾ ਦੇ ਵੀ ਕਈ ਪੱਖ ਹਨ, ਜਿਵੇਂ ਕਿ:

1.1 ਪਤੀ ਪਤਨੀ ਦੀ ਲੜਾਈ

ਵੈਸੇ ਤਾਂ ਹਿੰਸਾ ਹਰ ਪਖੋਂ ਹੀ ਮਾੜੀ ਹੈ ਪਰ ਸਿੱਖ ਭਾਈ ਚਾਰੇ ਵਿੱਚ ਇਹ ਆਮ ਦੇਖੀਆ ਗਿਆ ਹੈ ਕਿ ਪਰਿਵਾਰਿਕ ਲੜਾਈ ਝਗੜੇ ਵਿੱਚ ਪਤੀ ਪਤਨੀ ਪ੍ਰਤੀ ਹਿੰਸਕ ਹੋ ਜਾਂਦਾ ਹੈ ਅਤੇ ਕਈ ਵਾਰੀ ਤਾਂ ਇਹ ਕਤਲ ਦਾ ਰੂਪ ਵੀ ਧਾਰਣ ਕਰ ਲੈਂਦੀ ਹੈ। ਪਿਛਲੇ ਸਾਲ ਬਲਵਿੰਦਰ ਪਲਾਹਾ ਨੂੰ ਉਮਰ ਕੈਦ ਦੀ ਸੱਜਾ ਹੋਈ ਤੇ ਇਸ ਸਾਲ, ਇਕ ਹੋਰ ਸਿੱਖ ਨੋਜੁਆਨ ਨੇ ਆਪਣੀ ਐਕਸ-ਮੰਗੇਤਰ ਨੂੰ ਕਤੱਲ ਕਰਨ ਦੇ ਨਾਲ ਨਾਲ ਆਪਣੀ ਜਾਨ ਵੀ ਲੈ ਲਈ।

1.2 ਬੱਚਿਆ ਦੀ ਮਾਰ-ਕੁਟਾਈ

ਮਾਪਿਆਂ ਵੱਲੋਂ ਬੱਚਿਆਂ ਦੀ ਮਾਰ-ਕੁਟਾਈ ਵੀ ਹਿੰਸਾ ਹੈ। ਕਈ ਘੱਟਨਾਵਾਂ ਵਿੱਚ ਤਾਂ ਸੀ. ਏ. ਐਸ. ਨੇ ਸਿੱਖ ਬੱਚੇ ਮਾਪਿਆਂ ਤੋਂ ਲੈ ਕਿ ਆਪਣੀ ਹਿਰਾਸਤ ਵਿੱਚ ਲੈ ਲਏ ਹਨ ਅਤੇ ਇਹ ਬੱਚੇ ਹੁਣ ਗੋਰੇ 'ਫੋਸਟਰ ਪੇਰੈਂਟਸ' ਕੋਲ ਪੱਲ ਰਹੇ ਹਨ।

ਅਕਸਰ ਇਹ ਵੀ ਦੇਖਣ ਵਿੱਚ ਆਈਆ ਹੈ ਕਿ ਬੱਚਿਆਂ ਦੀ ਮਾਨਸਿਕ ਸਿਹਤ ਤੇ ਮਾਪਿਆ ਦੀ ਆਪਸੀ ਲੜਾਈ ਦਾ ਬਹੁਤ ਅਸਰ ਪੈਂਦਾ ਹੈ। ਇਹ ਬੱਚਿਆਂ ਵਿੱਚ ਸਵੈ-ਮਾਨ ਦੀ ਘਾਟ ਹੁੰਦੀ ਹੈ ਆਤੇ ਬਾਕੀ ਦੇ ਸਾਰੇ ਮਾਨਸਿਕ ਅਤੇ ਸਰੀਰਕ ਵਿਕਾਸਾਂ ਵਿੱਚ ਵੀ ਦੂਸਰੇ ਬੱਚਿਆ ਨਾਲੋਂ ਪਿਛੜੇ ਹੁੰਦੇ ਹਨ।

1.3 ਪਰਿਵਾਰਿਕ ਮੈਂਬਰਾ ਦੀ ਆਪਸੀ ਲੜਾਈ

ਅਕਸਰ ਦੇਖਣ ਵਿੱਚ ਆਇਆ ਹੈ ਕਿ ਪਰਿਵਾਰਿਕ ਮੈਂਬਰ ਆਪਸ ਵਿੱਚ ਹਿੰਸਕ ਹੋ ਬੈਠਦੇ ਹਨ ਅਤੇ ਬਹੁਤਾ ਪੈਸਾ ਵਕੀਲਾਂ ਦੀਆਂ ਜੇਬਾਂ ਵਿੱਚ ਹੀ ਜਾਂਦਾ ਹੈ।

1.4 ਔਰਤਾਂ ਪ੍ਰਤੀ ਹਿੰਸਾ

- 'ਅਲਟਰਾ ਸਾਊਂਦ' ਦੀ ਮਦਦ ਨਾਲ ਇਹ ਪਤ੍ਹਾ ਲਗਾਉਣਾ ਕਿ ਹੋਣ ਵਾਲਾ ਬੱਚਾ ਮੁੰਡਾ ਹੈ ਕਿ ਕੁੜੀ ਅਤਟ ਪਤ੍ਹਾ ਲਗਣ ਤੇ ਗਰਭ-ਪਾਤ ਕਰਵਾਉਣਾ। ਇਹ ਔਰਤਾਂ ਪ੍ਰਤੀ ਹਿੰਸਾ ਹੈ।
- 'ਦਾਜ ਦਹੇਜ' ਦੇ ਚੱਕਰਾਂ ਵਿੱਚ ਫਸਣਾ ਵੀ ਔਰਤਾਂ ਪ੍ਰਤੀ ਹਿੰਸਾ ਹੈ।
- ਕੁੜੀਆਂ ਦਾ ਉਹਨਾਂ ਦੀ ਮਰਜ਼ੀ ਦੇ ਖਿਲਾਫ ਜ਼ਬਰਦਸਤੀ ਵਿਆਹ ਕਰਨਾ ਵੀ ਹਿੰਸਾ ਹੈ ਅਤੇ ਜੇ ਕੁੜੀਆਂ ਆਪਣੀ ਮਰਜ਼ੀ ਨਾਲ ਵਿਆਹ ਕਰਦੀਆਂ ਹਨ ਅ ਤੇ ਉਹਨਾਂ ਦਾ ਕਤੱਲ ਕਰਨਾ ਵੀ ਹਿੰਸਾ ਹੈ (ਮਿਸਾਲ ਵੈਨਕੂਵਰ ਦੀ ਕੁੜੀ ਦਾ ਕਤੱਲ)।
- ਸਿੱਖ ਕੁੜੀਆਂ ਨੂੰ 'ਬਾਡੀ-ਈਮਿੱਜ' ਦੀ ਵੀ ਸਮਸਿਆ ਹੈ। ਮੈਂ ਹੁਣੇ ਇੱਕ ਖੋਜ ਕੀਤੀ ਹੈ ਜਿਸ ਵਿੱਚ ਇਹ ਪਤ੍ਹਾਂ ਲਗਿਆ ਹੈ ਕਿ ਪੰਜਾਬੀ ਕੁੜੀਆਂ 'ਈਟਿੰਗ ਡਿਸਆਰਦਰ' ਦੀਆਂ ਵੀ ਸ਼ਿਕਾਰ ਹਨ। ਜੇ ਵਿਆਹ ਦੇ ਵਿਗਿਆਪਨ ਦੇਖੇ ਜਾਣ ਤਾਂ ਪਤ੍ਹਾ ਚਲਦਾ ਹੈ ਕਿ ਮੁੰਡੀਆਂ ਦੀ ਇਹੀ ਮੰਗ ਹੁੰਦੀ ਹੈ ਕਿ ਕੁੜੀਆਂ ਉਚਿਆਂ, ਲੰਬੀਆਂ, ਪਤਲੀਆਂ, ਅਤੇ ਗੋਰੇ ਰੰਗ ਦੀਆ ਹੋਣੀਆਂ ਚਾਹੀਧੀਆਂ ਹਨ। ਇਹ 'ਪਰੈਸ਼ਰ' ਕੁੜੀਆਂ ਨੂੰ 'ਈਟਿੰਗ ਡਿਸਆਰਦਰ' ਪੈਦਾ ਕਰਦਾ ਹੈ ਅਤੇ ਕਈਆਂ ਨੂੰ ਗੰਭੀਰ ਸਰੀਰਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਵੀ ਹਿੰਸਾ ਹੈ - ਥੋੜੀ ਸੂਕਸ਼ਮ ਹੈ ਪਰ ਹਿੰਸਾ ਹੈ।

## 2. ਕਮਿਊਨਿਟੀ ਵਿੱਚ ਹਿੰਸਾ ਦੇ ਵੱਖ ਵੱਖ ਪੱਖ

### 2.1 ਧਾਰਮਿਕ ਅਦਾਰੇ

ਧਾਰਮਿਕ ਅਦਾਰਰਿਆਂ ਵਿੱਚ ਹਿੰਸਾ ਹੁੰਦੀ ਹੈ ਅਤੇ ਇਸ ਨਾਲ ਕਮਿਊਨਿਟੀ ਦੀ ਬਦਨਾਮੀ ਹੁੰਦੀ ਹੈ ਅਤੇ ਆਰਥਿਕ ਨੁਕਸਾਨ ਵੀ। ਜਿਸ ਸਥਾਨ ਨੂੰ ਆਪਾਂ ਪਵਿਤਰ ਕਰਕੇ ਮੰਨੀਆਂ ਹੁੰਦਾ ਹੈ, ਉਥੇ ਹੀ ਹਿੰਸਾ ਹੋ ਜਾਵੇ ਤਾਂ ਰੱਬ ਤੋਂ ਵਿਸ਼ਵਾਸ਼ ਉਠ ਜਾਂਦਾ ਹੈ - ਖਾਸ ਕਰਕੇ ਬੱਚਿਆਂ ਦਾ।

ਸਿੱਖ ਧਰਮ'ਚ ਹੀ ਨਹੀਂ ਸਗੋਂ ਬਾਕਿ ਦੇ ਹਰ ਇੱਕ ਧਰਮ ਵਿੱਚ ਨੋਜੁਆਨ ਧਾਰ ਮਿਕ ਸਥਾਨਾਂ ਤੇ ਜਾਣਾ ਪਸੰਦ ਹੀ ਨਹੀਂ ਕਰਦੇ। ਸ਼ਾਇਦ ਨੋਜੁਆਨ ਜਾਂਦੇ ਹੋਣ 'ਸਕੂਨ' ਲੱਭਣ ਲੇਕਿਨ ਹੱਥ ਆਂਉਦਾ ਹੋਵੇ ਲੜਾਈ-ਝਗੜਾ।

### 2.2 ਖੇਡ-ਮੇਲੇ

ਅਕਸਰ ਖੇਡ-ਮੇਲੇਆਂ ਤੇ ਸ਼ਰਾਬ ਦੀ ਵਰਤੋਂ ਕਾਰਣ ਹਿੰਸਕ ਘੱਟਨਾਵਾਂ ਵਾਪਰ ਜਾਂਦੀਆਂ ਹਨ। ਪੀਲ ਪੁਲੀਸ ਦੇ ਮੁਤਾਬਿਕ ਹਰ ਖੇਡ-ਮੇਲੇ ਦੋਰਾਨ ਸ਼ਰਾਬ ਦੀ ਵਰਤੋਂ ਕਾਰਣ ਆਪਣੇ ਪੰਗਾਬੀ ਵੀਰ ਚਾਰਜ ਹੁੰਦੇ ਹਨ ਅਤੇ ਕੁੱਝ ਵੀਰ 'ਢਰਿਕਿੰਗ ਐਂਡ ਢਰਾਵਿੰਗ' ਵਿੱਚ ਚਾਰਜ ਵੀ ਹੁੰਦੇ ਹਨ।

2.3 ਮੀਡੀਏ

ਇਹ ਕੋਈ ਲੁਕੀ-ਛਿੱਪੀ ਗੱਲ ਨਹੀਂ ਕਿ ਪੰਜਾਬੀ ਮੀਡੀਏ ਨੂੰ ਵੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਹੈ। ਪਛਚਮੀ ਸਭਿਅਤਾ ਵਿੱਚ 'ਬੋਲਣ' ਦੀ ਆਜ਼ਾਦੀ ਹੈ ਅਤੇ ਇਸ ਸਮਾਜ ਵਿੱਚ ਵਖਰੇ ਵਖਰੇ ਵਿਚਾਰ ਰੱਖਣ ਅਤੇ ਉਨਾਂ ਪ੍ਰਤੀ ਵਿਚਾਰ ਵਿਟਾਂਦਰਾ ਕਰਨ ਦੀ ਖੁੱਲ ਦਿੱਤੀ ਜਾਂਦੀ ਹੈ। ਲੇਕਿਨ, ਸ਼ਾਇਦ ਇਹ ਖੁੱਲ ਪੰਜਾਬੀ ਕਮਿਉਨਿਟੀ ਨੂੰ ਰਾਸ ਨਹੀਂ ਆਉਂਦੀ। ਵੈਨਕੂਵਰ ਵਿੱਚ ਤਾਰਾ ਸਿੰਘ ਹੇਅਰ ਦਾ ਕਤੱਲ ਹੋਣਾ, ਨਗਾਰਾ ਦੇ ਐਡੀਟਰ ਨੂੰ ਧੰਮਕੀਆਂ ਦੇਣੀਆਂ, ਜਾਂ ਫਿਰ ਹਿੰਸਾ ਇੱਕ ਹੋਰ ਰੂਪ ਵੀ ਧਾਰਣ ਕਰਦੀ ਹੈ 'ਸੂਹ ਕਰਨਾ'। ਮੇਰੇ ਖਿਆਲ ਅਨੁਸਾਰ ਧਮਕਿਆਂ ਵੀ ਹਿੰਸਾ ਹਨ, ਥੋੜੀਆਂ ਸੂਕਸ਼ਮ ਹਨ ਪਰ ਹਿੰਸਕ ਹਨ।

2.4 ਯੂਥ ਗੈਂਗਸ

ਸਿੱਖ ਨੋਜੁਆਨਾਂ ਦੇ ਆਪਣੇ ਗੈਂਗਸ ਹਨ। ਇਹ ਅਕਸਰ ਲੜਾਈ ਕਰਦੇ ਹਨ ਅਤੇ ਇਸਦਾ ਅੰਜਾਮ ਕੋਈ ਅੱਛਾ ਨਹੀਂ ਲਿਕਲਦਾ। ਆਪਣੀ ਨੋਜੁਆਨ ਪੀੜੀ ਖਰਾਬ ਹੋ ਰਹੀ ਹੈ।

2.5 ਜਾਦੂ ਟੂਣੇ

ਮੁਸੀਬਤ 'ਚ ਫਸੇ ਲੋਕਾਂ ਦੀ ਸਾਧਾਂ ਸੰਤਾਂ ਵਲੋਂ ਲੁੱਟ-ਖਸੁੱਟ ਵੀ ਹਿੰਸਾ ਹੈ। ਕਈ ਵਾਰੀ ਇਹ ਸਾਧ ਸੰਤ ਔਰਤਾਂ ਦੀ ਇੱਜਤ ਨਾਲ ਵੀ ਖਿਲਵਾੜ ਕਰਦੇ ਹਨ - ਇਹ ਵੀ ਹਿੰਸਾ ਹੈ।

2.6 ਸ਼ਰਾਬ ਦੀ ਵਰਤੋਂ

ਜ਼ਰੂਰਤ ਨਾਲੋ ਜ਼ਿਆਦਾ ਸ਼ਰਾਬ ਦੀ ਵਰਤੋਂ ਕਰਨੀ ਵੀ ਆਪਣੇ ਆਪ ਪ੍ਰਤੀ ਹਿੰਸਾ ਹੈ। ਮੇਰੇ ਸੰਪਰੱਕ ਵਿੱਚ ਤਾਂ ਬਹੁਤ ਲੋਕ ਆਂਉਦੇ ਹਨ ਜਿਨਾਂ ਨੇ ਸ਼ਰਾਬ ਦੀ ਵਰਤੋਂ ਕਾਰਣ ਆਪਣਾ ਸੱਭ ਕੁਝ ਗਿਵਾ ਲਿਆ ਹੁੰਦਾ ਹੈ।

2.7 'ਢਰਿੰਕਿਗ ਐਂਡ ਡਰਾਇਵਿੰਗ'

ਮੇਰੀ ਖੋਜ ਮੁਤਾਬਿਕ ਪੰਜਾਬਿਆਂ ਵਿੱਚ ਹੋਰਨਾ ਕਮਿਊਨਿਟੀਆਂ ਦੇ ਮੁਕਾਬਲੇ ਆਪਣੀ ਕਮਿਉਨਿਟੀ ਵਿੱਚ 'ਢਰਿੰਕਿਗ ਐਂਡ ਡਰਾਇਵਿੰਗ' ਜ਼ਿਆਦਾ ਹੈ। ਇਹ ਆਪਣੇ ਅਤੇ ਦੂਸਰਰੀਆਂ ਦੇ ਪ੍ਰਤੀ ਹਿੰਸਾ ਹੈ।

## ਹੱਲ਼ ਕੀ ਹਨ

1. ਕਨੇਡਾ ਵਿੱਚ ਮੁਸ਼ਕਿਲਾਂ ਹੱਲ ਕਰਨ ਲਈ ਸੋਸ਼ਲ ਕਰਕਰਜ਼, ਮਨੋ-ਵਿਗਿਆਨਿਕ ਅਤੇ ਹੋਰ ਮਾਹਿਰ ਹਨ। ਇਨਾਂ ਦੀ ਮਦਦ ਲਈ ਜਾ ਸਕਦੀ ਹੈ।

2. ਆਪਾਂ ਨੂੰ ਆਪਣੇ ਧਰਮ ਨੂੰ ਅੱਛੀ ਤਰ੍ਹਾਂ ਸਮਝਣਾ ਚਾਹੀਦਾ ਹੈ। ਸਿੱਖ ਧਰਮ ਵਿੱਚ ਹਿੰਸਾ ਦਾ ਉਤਨਾ ਰੋਲ ਨਹੀਂ ਹੈ ਜਿਤਨਾ ਸ਼ਾਤੀ ਦਾ। ਔਰਤ ਨੂੰ ਬਰਾਬਰ ਦੇ ਹੱਕ ਦੇ ਕੇ ਸ਼ਿੱਖ ਗੁਰੂਆਂ ਨੇ ਔਰਤਾਂ ਪ੍ਰਤੀ ਹਿੰਸਾ ਨੂੰ ਖਤਮ ਕਰਨ ਦੀ ਕੌਸ਼ਿਸ਼ ਕੀਤੀ ਸੀ। ਧਾਰਮਿਕ ਅਤੇ ਸਮਾਜਿਕ ਅਦਾਰੀਆਂ ਨੂੰ ਚਾਹੀਦਾ ਹੈ ਕਿ ਔਰਤਾਂ ਨੂੰ ਬਰਾਬਰਤਾ ਦਾ ਹੱਕ ਦੇ ਕੇ ਇੱਕ ਮਿਸਾਲ ਕਾਈਮ ਕਰਨ। ਜੇ ਔਰਤਾਂ ਧਾਰੋਮਕ ਅਦਾਰੀਆਂ 'ਚ ਅੱਗੇ ਆਉਣ ਵਾਸਤੇ ਤਿਆਰ ਨਹੀਂ ਅਤੇ ਨਾਂ ਹੀ ਪ੍ਰਭੰਧਕਾਂ ਵਲੋਂ ਕੋਈ ਹੀਲੇ ਕੀਤੇ ਜਾਂਦੇ ਹਨ ਕਿ ਔਰਤਾਂ ਨੂੰ 'ਮੈਨੇਜਮੈਂਟ' ਵਿੱਚ ਲਿਆਂਦਾ ਜਾਵੇ ਤਾਂ ਔਰਤਾਂ ਪ੍ਰਤੀ ਹਿੰਸਾ ਇਸੇ ਤਰ੍ਹਾਂ ਹੀ ਹੁੰਦੀ ਰਹੇਗੀ।

3. ਹਿੰਸਾ ਨੂੰ ਖਤਮ ਕਰਨ ਵਾਸਤੇ ਮੁਸ਼ਕਿਲਾਂ ਦੇ ਹੱਲ ਸ਼ਾਤ-ਮਈ ਤਰੀਕੇ ਨਾਲ ਲੱਭਣੇ ਪੈਣਗੇ ਅਤੇ ਇਸ ਦੀ ਜ਼ਿਮੇਵਾਰੀ ਸਮੂਚੀ ਪੰਜਾਬੀ ਭਾਈਚਾਰੇ ਦੇ ਸਿਰ ਤੇ ਹੈ। ਵਰਨਾ ਹਰ ਰੋਜ਼ ਕੋਈ ਹਿਰਾਸਤ ਵਿੱਚ ਹੋਵੇਗਾ ਅਤੇ ਕੋਈ ਹਸਪਤਾਲ ਵਿੱਚ।

4. ਮੀਡੀਏ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ ਵਰਨਾ ਲੋਕਾਂ ਕੋਲੇ ਸਚਾਈ ਨਹੀਂ ਪਹੁੰਚਣੀ। ਸਚਾਈ ਬਿਨਾ ਕੋਮਾਂ ਅੱਗੇ ਨਹੀਂ ਵਧਣ ਗਿਆਂ।

March 2003
7 Baybrooke Rd.
Brampton, ON
(905) 840-9860

C: my documents \ articles \ magazine Nov 2000